# <u>ਪ੍ਰੈਸ ਨੋਟ</u>

ਮਿਤੀ 22.03.22 ਨੂੰ ਸ਼੍ਰੀ ਮਤੀ ਵਰਿੰਦਰ ਕੌਰ ਪਤਨੀ ਬਲਰਾਜ ਸਿੰਘ ਵਾਸੀ ਵਾਰਡ ਨੰਬਰ 13, ਟਾਂਡਾ ਥਾਣਾ ਟਾਂਡਾ ਜਿਲ੍ਹਾ ਹੁਸ਼ਿਆਰਪੁਰ ਵੱਲੋਂ ਥਾਣਾ ਵਿਖੇ ਦਰਖਾਸਤ ਦਿੱਤੀ ਗਈ ਸੀ ਕਿ ਮਿਤੀ 21.03.22 ਨੂੰ ਉਹ ਆਪਣੀ ਭੈਣ ਦੇ ਘਰ ਗਈ ਹੋਈ ਸੀ। ਮਿਤੀ 22.03.22 ਉਸ ਨੂੰ ਸੁਭਾ 8.00 ਵਜੇ ਗਵਾਂਡੀਆਂ ਦਾ ਫੋਨ ਆਇਆ ਕਿ ਤੁਹਾਡੇ ਘਰ ਦਾ ਦਰਵਾਜਾ ਖੁੱਲਾ ਹੋਇਆ ਹੈ ਤਾਂ ਉਸ ਨੇ ਘਰ ਆ ਕੇ ਦੇਖਿਆ ਤਾਂ ਘਰ ਵਿਚੋਂ 3 ਕੈਮਰੇ, 7000/- ਰੁਪਏ ਨਗਦੀ, 3 ਘੜੀਆਂ, 1 ਬੋਤਲਾਂ ਸ਼ਰਾਬ ਸਿਵਾਸ਼ ਲੀਗਲ, ਇੱਕ ਹੈਡ ਬੈਗ ਜਿਸ ਵਿੱਚ 40 ਹਜਾਰ ਰੁਪਏ, ਇੱਕ ਗੋਲਡ ਚੈਨ 2 ਤੋਲੇ ਅਤੇ ਇੱਕ ਗੋਲਡ ਕੜ੍ਹਾ 2 ਤੋਲੇ ਕੋਈ ਨਾਮਾਲੂਮ ਚੋਰੀ ਕਰਕੇ ਲੈ ਗਿਆ ਹੈ। ਇਸ ਚੋਰੀ ਹੋਈ ਸਮਾਨ ਦੀ ਕੁੱਲ ਕੀਮਤ 4 ਲੱਖ ਰੁਪਏ ਬਣਦੀ ਹੈ। ਜਿਸ ਸਬੰਧੀ **ਮੁਕਦਮਾਂ ਨੰਬਰ 57 ਮਿਤੀ 22.03.22 Case FIR No.57 dtd. 22.03.22 u/s 379-B, 380, 457, 411 IPC & 22 NDPS ACT ਥਾਣਾ ਟਾਂਡਾ** ਜਿਲ੍ਹਾ ਹੁਸ਼ਿਆਰਪੁਰ ਦਰਜ ਰਜਿਸਟਰ ਕੀਤਾ ਗਿਆ।

**ਸ਼੍ਰੀ ਧਰੁਮਨ ਐਚ. ਨਿੰਬਾਲੇ, ਆਈ.ਪੀ.ਐਸ., ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ** ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਹੇਠ ਸ਼੍ਰੀ ਰਾਜ ਕੁਮਾਰ, ਉਪ ਕਪਤਾਨ ਪੁਲਿਸ, ਟਾਂਡਾ ਅਤੇ ਮੁੱਖ ਅਫਸਰ ਥਾਣਾ ਟਾਂਡਾ ਦੀ ਯੋਗ ਅਗਵਾਈ ਵਿੱਚ ਉਪਰੋਕਤ ਮੁਕਦਮਾਂ ਦੀ ਤਫਤੀਸ਼ ਪੂਰੀ ਸੰਵੇਦਨਸ਼ੀਲਤਾ ਅਤੇ ਸਖਤ ਮਿਹਨਤ ਨਾਲ ਆਲੇ ਦੁਆਲੇ ਦੇ ਏਰੀਆ ਦੇ ਸੀ.ਸੀ.ਟੀ.ਵੀ ਕੈਮਰਿਆਂ ਨੂੰ ਚੈਕ ਕੀਤਾ ਗਿਆ ਅਤੇ ਹੋਰ ਥਾਣਿਆਂ ਦੇ ਰਿਕਾਰਡ ਵਿੱਚ ਅਜਿਹੀਆਂ ਵਾਰਦਾਤਾਂ ਕਰਨ ਵਾਲੇ ਵਿਅਕਤੀਆਂ ਦੀ ਵੀ ਜਾਂਚ ਕਰਨ ਤੋਂ ਇਲਾਵਾ (ਫਅੀਸ਼) ਐਪ ਉਪਰ ਵੀ ਤਲਾਸ਼ ਕੀਤੀ ਗਈ, ਅਜਿਹੀਆਂ ਵਾਰਦਾਤਾਂ ਕਰਨ ਵਾਲੇ ਵਿਅਕਤੀਆਂ ਨੂੰ ਥਾਣੇ ਬੁਲਾਕੇ ਪੁਛਗਿਛ ਕੀਤੀ ਗਈ ਅਤੇ ਗੈਰਹਾਜਰ ਵਿਅਕਤੀਆਂ ਦੇ ਘਰਾਂ ਪਰ ਰੇਡ ਕੀਤੇ ਗਏ। ਵਾਰਦਾਤਾਂ ਨੂੰ ਟਰੇਸ ਕਰਨ ਲਈ ਹਰ ਵਿਗਿਆਨਕ ਢੰਗ ਤਰੀਕੇ ਦੀ ਹਰ ਸੰਭਵ ਮੱਦਦ ਲਈ ਗਈ।

ਜਿਸ ਦੇ ਅਧਾਰ ਤੇ ਦੋ ਦੋਸ਼ੀਆਨ ਅਨਿਲ ਕੁਮਾਰ ਉਰਫ ਰਵੀ ਪੁੱਤਰ ਜਸਵੀਰ ਸਿੰਘ ਵਾਸੀ ਵਾਰਡ ਨੰਬਰ 13 ਬੇਗੋਵਾਲ, ਥਾਣਾ ਬੇਗੋਵਾਲ ਜਿਲ੍ਹਾ ਕਪੂਰਥਲਾ ਅਤੇ ਲਵਪ੍ਰੀਤ ਪੁੱਤਰ ਬਲਵੀਰ ਪਾਲ ਵਾਸੀ ਵਾਰਡ ਨੰਬਰ 4 ਬੇਗੋਵਾਲ, ਥਾਣਾ ਬੇਗੋਵਾਲ ਜਿਲ੍ਹਾ ਕਪੂਰਥਲਾ ਦੇ ਘਰਾਂ ਤੇ ਰੇਡ ਕੀਤੇ ਗਏ ਤੇ ਇਹਨਾਂ ਨੂੰ ਗ੍ਰਿਫਤਾਰ ਕਰਕੇ ਇਹਨਾਂ ਪਾਸੋਂ ਹੇਠ ਲਿਖੇ ਅਨੁਸਾਰ ਭਾਰੀ ਮਾਤਰਾ ਵਿੱਚ ਚੋਰੀ ਕੀਤਾ ਹੋਇਆ ਸਮਾਨ ਅਤੇ ਨਸ਼ੀਲਾ ਪਾਉਡਰ

ਬਰਾਮਦ ਕੀਤਾ ਗਿਆ। ਹੁਣ ਤੱਕ ਦੀ ਪੁੱਛਗਿਛ ਦੋਰਾਨ ਦੋਸ਼ੀਆਂ ਵੱਲੋਂ 50 ਤੋਂ ਵੱਧ ਚੋਰੀਆਂ ਦੀਆਂ ਵਾਰਦਾਤਾਂ ਕਬੂਲ ਕੀਤੀਆਂ ਹਨ। ਇਸ ਤੋਂ ਇਲਾਵਾ ਇਹਨਾਂ ਪਾਸੋਂ ਹੋਰ ਵੀ ਡੂੰਘਾਈ ਨਾਲ ਪੁੱਛਗਿਛ ਕੀਤੀ ਜਾ ਰਹੀ ਹੈ:-

**ਗ੍ਰਿਫਤਾਰ ਦੋਸ਼ੀ ਦੇ ਨਾਮ:-**

1. ਅਨਿਲ ਕੁਮਾਰ ਉਰਫ ਰਵੀ ਪੁੱਤਰ ਜਸਵੀਰ ਸਿੰਘ ਵਾਸੀ ਵਾਰਡ ਨੰਬਰ 13 ਬੇਗੋਵਾਲ, ਥਾਣਾ ਬੇਗੋਵਾਲ ਜਿਲ੍ਹਾ ਕਪੂਰਥਲਾ
2. ਲਵਪ੍ਰੀਤ ਪੁੱਤਰ ਬਲਵੀਰ ਪਾਲ ਵਾਸੀ ਵਾਰਡ ਨੰਬਰ 4 ਬੇਗੋਵਾਲ, ਥਾਣਾ ਬੇਗੋਵਾਲ ਜਿਲ੍ਹਾ ਕਪੂਰਥਲਾ।
3. ਰਾਜੇਸ਼ ਮੀਟੂ ਪੁੱਤਰ ਅਮਰਜੀਤ ਮੀਟੂ ਵਾਸੀ ਵਾਰਡ ਨੰਬਰ 02 ਮਿਆਣੀ ਥਾਣਾ ਟਾਂਡਾ।

**ਦੋਸ਼ੀਆਂ ਪਾਸੋਂ ਬਰਾਮਦ ਕੀਤਾ ਗਿਆ ਸਮਾਨ :-**

| | | |
|---|---|---|
| 1. ਮੋਬਾਇਲ ਫੌਨ | = | 39 (ਵੱਖ ਵੱਖ ਮਾਰਕਾ) |
| 2. ਟੈਬਲੇਟਸ | = | 03 (ਵੱਖ ਵੱਖ ਮਾਰਕਾ) |
| 3. ਐਲ.ਈ.ਡੀ | = | 03 |
| 4. ਭਾਰਤੀ ਕਰੰਸੀ | = | 1 ਲੱਖ ਰੁਪਏ |
| 5. ਨਸ਼ੀਲਾ ਪਾਉਡਰ | = | 262 ਗ੍ਰਾਮ |
| 6. ਮੋਟਰਸਾਈਕਲ | = | 04 (ਮਾਰਕਾ 2 ਸਪਲੈਂਡਰ, ਪੈਸ਼ਨ 1 ਅਤੇ ਪਲੈਟੀਨਾ 1) |
| 7. ਆਰ-ਸੀ | = | 09 (ਚੋਰੀ ਕੀਤੀਆਂ ਵਹੀਕਲਾਂ ਦੀਆਂ) |

ਦੋਸ਼ੀ ਅਨਿਲ ਕੁਮਾਰ ਉਰਫ ਰਵੀ ਉਕਤ ਦੇ ਖਿਲਾਫ ਪਹਿਲਾਂ ਦਰਜ ਮੁਕਦਮਾਂ ਹੇਠ ਲਿਖੇ ਹਨ:-

1. ਮੁਕਦਮਾਂ ਨੰਬਰ 32/15 ਅ:ਧ: 22 ਐਨ.ਡੀ.ਪੀ.ਐਸ ਐਕਟ ਥਾਣਾ ਭੁਲੱਥ ਜਿਲ੍ਹਾ ਕਪੂਰਥਲਾ
2. ਮੁਕਦਮਾਂ ਨੰਬਰ 58/18 ਅ:ਧ: 457/380 ਭ:ਦ: ਥਾਣਾ ਬੇਗੋਵਾਲ ਜਿਲ੍ਹਾ ਕਪੂਰਥਲਾ
3. ਮੁਕਦਮਾਂ ਨੰਬਰ 59/18 ਅ:ਧ: 22 ਐਨ.ਡੀ.ਪੀ.ਐਸ ਐਕਟ ਥਾਣਾ ਬੇਗੋਵਾਲ ਜਿਲ੍ਹਾ ਕਪੂਰਥਲਾ

ਦੋਸ਼ੀ ਲਵਪ੍ਰੀਤ ਉਕਤ ਦੇ ਖਿਲਾਫ ਪਹਿਲਾਂ ਦਰਜ ਮੁਕਦਮਾਂ ਹੇਠ ਲਿਖੇ ਅਨੁਸਾਰ ਹਨ:-

1. ਮੁਕਦਮਾਂ ਨੰਬਰ 55/19 ਅ:ਧ: 379-ਬੀ ਭ:ਦ: ਥਾਣਾ ਬੇਗੋਵਾਲ ਜਿਲ੍ਹਾ ਕਪੂਰਥਲਾ
2. ਮੁਕਦਮਾਂ ਨੰਬਰ 67/19 ਅ:ਧ: 457/380 ਭ:ਦ: ਥਾਣਾ ਬੇਗੋਵਾਲ ਜਿਲ੍ਹਾ ਕਪੂਰਥਲਾ
3. ਮੁਕਦਮਾਂ ਨੰਬਰ 68/19 ਅ:ਧ: 21/27 ਐਨ.ਡੀ.ਪੀ.ਐਸ ਐਕਟ ਥਾਣਾ ਬੇਗੋਵਾਲ ਜਿਲ੍ਹਾ ਕਪੂਰਥਲਾ